**16ਵੀਂ ਪੰਜਾਬ ਵਿਧਾਨ ਸਭਾ** **ਪੰਜਾਬ ਵਿਧਾਨ ਸਭਾ**

**ਸੱਤਵਾਂ ਸਮਾਗਮ,2024** **ਬੁਲੇਟਿਨ ਨੰ: 01**

(02.00 ਵਜੇ ਬਾਅਦ ਦੁਪਹਿਰ ਤੋਂ 03.57 ਵਜੇ ਬਾਅਦ ਦੁਪਹਿਰ ਤੱਕ)

**ਸੋਮਵਾਰ, 02 ਸਤੰਬਰ, 2024**

**1. ਅਕਾਲ ਚਲਾਣਿਆਂ ਦਾ ਵਰਣਨ:-**

1. ਸਰਦਾਰ ਸੁਰਜੀਤ ਸਿੰਘ ਮਿਨਹਾਸ, ਸਾਬਕਾ ਸਪੀਕਰ;
2. ਸਰਦਾਰ ਸੁਖਦੇਵ ਸਿੰਘ ਢਿੱਲੋਂ, ਸਾਬਕਾ ਮੰਤਰੀ;
3. ਸਰਦਾਰ ਸੁਰਜੀਤ ਸਿੰਘ ਕੋਹਲੀ, ਸਾਬਕਾ ਰਾਜ ਮੰਤਰੀ;
4. ਸ਼੍ਰੀਮਤੀ ਗੁਰਚਰਨ ਕੌਰ, ਸਾਬਕਾ ਰਾਜ ਸਭਾ ਮੈਂਬਰ;
5. ਸ੍ਰੀ ਕਮਲ ਚੌਧਰੀ, ਸਾਬਕਾ ਲੋਕ ਸਭਾ ਮੈਂਬਰ;
6. ਸਰਦਾਰ ਧਨਵੰਤ ਸਿੰਘ,ਸਾਬਕਾ ਐਮ.ਐਲ.ਏ;
7. ਸਰਦਾਰ ਸਰਦੂਲ ਸਿੰਘ, ਅਜ਼ਾਦੀ ਘੁਲਾਟੀਆ;
8. ਸ੍ਰੀ ਕਸ਼ਮੀਰ ਸਿੰਘ, ਅਜ਼ਾਦੀ ਘੁਲਾਟੀਆ;
9. ਸ੍ਰੀ ਗੁਰਦੇਵ ਸਿੰਘ, ਅਜ਼ਾਦੀ ਘੁਲਾਟੀਆ;
10. ਸ੍ਰੀ ਜਗਦੀਸ਼ ਪ੍ਰਸਾਦ, ਅਜ਼ਾਦੀ ਘੁਲਾਟੀਆ;
11. ਡਾ. ਸੁਰਜੀਤ ਪਾਤਰ, ਲੇਖਕ ਅਤੇ ਕਵੀ।

ਮਾਣਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਸ਼ਖਸੀਅਤਾਂ ਦੇ ਜੀਵਨ ਅਤੇ ਯੋਗਦਾਨ ਬਾਰੇ ਸਦਨ ਵਿੱਚ ਵਰਣਨ ਕੀਤਾ ਗਿਆ ਅਤੇ ਸਦਨ ਵੱਲੋਂ ਇਨ੍ਹਾਂ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਤੇ ਸ਼ੋਕ ਪ੍ਰਸਤਾਵ ਪ੍ਰਵਾਨ ਕੀਤਾ ਗਿਆ।

ਇਸ ਤੋਂ ਇਲਾਵਾ ਮਾਣਯੋਗ ਸਪੀਕਰ ਵੱਲੋਂ ਸ੍ਰੀ ਜੋਗਿੰਦਰ ਸਿੰਘ, ਰੋਜ਼ਾਨਾ ਸਪੋਕਸਮੈਨ ਦੇ ਸੰਸਥਾਪਕ; ਸਰਦਾਰ ਜਸਪਾਲ ਸਿੰਘ ਹੇਰਾ, ਪਹਿਰੇਦਾਰ ਅਦਾਰੇ ਦੇ ਸੰਪਾਦਕ; ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ ਦੇ ਸਤਿਕਾਰਯੋਗ ਪਤੀ ਸ੍ਰੀ ਸ਼ਰਨਜੀਤ ਸਿੰਘ ਮਾਨ ਅਤੇ ਸਤਿਕਾਰਯੋਗ ਮਾਤਾ ਸਰਦਾਰਨੀ ਜਸਵੀਰ ਕੌਰ ਲਾਲੀ ਨੂੰ ਸ਼ਰਧਾਜ਼ਲੀਆਂ ਭੇਂਟ ਕੀਤੀਆਂ ਗਈਆਂ।

ਮਾਣਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਖੜ੍ਹੇ ਹੋ ਕੇ ਮੌਨ ਵੀ ਧਾਰਨ ਕੀਤਾ।

**2. ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ**

ਮਾਣਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੁਆਰਾ ਮਿਤੀ **02.09.2024** ਤੋਂ 04.**09.2024** ਤੱਕ ਕੀਤੇ ਜਾਣ ਵਾਲੇ ਕੰਮ-ਕਾਰ ਸਬੰਧੀ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਸਦਨ ਵਿਚ ਪੇਸ਼ ਕੀਤੀ।

ਸੰਸਦੀ ਮਾਮਲੇ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ:-

"ਕਿ ਇਹ ਸਦਨ ਕਾਰਜ-ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

ਬਹਿਸ ਵਿੱਚ ਹਿੱਸਾ ਲੈਂਦੇ ਸਮੇਂ ਸ. ਸੁਖਪਾਲ ਸਿੰਘ ਖਹਿਰਾ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ 01 ਮਿੰਟ ਲਈ ਬੋਲੇ।

**3. ਮਾਣਯੋਗ ਸਪੀਕਰ ਦੁਆਰਾ ਸਭਾਪਤੀ ਨਾਮਾਂਵਲੀ ਸਬੰਧੀ ਐਲਾਨ**

ਮਾਣਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 13(1) ਅਧੀਨ ਨਿਮਨਲਿਖਤ ਮਾਣਯੋਗ ਮੈਂਬਰਾਂ ਨੂੰ ਸਭਾਪਤੀ ਨਾਮਾਂਵਲੀ ਲਈ ਨਾਮਜ਼ਦ ਕਰਨ ਸਬੰਧੀ ਐਲਾਨ ਕੀਤਾ:-

1. ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ;
2. ਰਾਣਾ ਗੁਰਜੀਤ ਸਿੰਘ, ਐਮ.ਐਲ.ਏ;
3. ਡਾ. ਜੀਵਨਜੋਤ ਕੌਰ, ਐਮ.ਐਲ.ਏ;
4. ਸ੍ਰੀ ਜੰਗੀ ਲਾਲ ਮਹਾਜਨ, ਐਮ.ਐਲ.ਏ;

**4. ਸਕੱਤਰ ਦੁਆਰਾ ਐਲਾਨ**

ਸਕੱਤਰ ਵੱਲੋਂ 15ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 7ਵੇਂ ਤੇ 13ਵੇਂ (ਵਿਸ਼ੇਸ਼) ਅਤੇ 16ਵੀਂ ਪੰਜਾਬ ਵਿਧਾਨ ਸਭਾ ਦੇ 5ਵੇਂ ਅਤੇ 6ਵੇਂ (ਬਜਟ)ਸਮਾਗਮਾਂ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਮਾਣਯੋਗ ਰਾਸ਼ਟਰਪਤੀ/ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਗਿਆ।

**5. ਮਾਣਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ**

ਮਾਣਯੋਗ ਸਪੀਕਰ ਵੱਲੋਂ ਮਾਣਯੋਗ ਮੈਂਬਰ ਲੋਕ ਸਭਾ,ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਜੀ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ।

6. **ਮਾਣਯੋਗ ਸਪੀਕਰ ਵੱਲੋਂ ਸਪੱਸ਼ਟੀਕਰਨ**

ਵਿਰੋਧੀ ਧਿਰ ਦੇ ਨੇਤਾ ਵੱਲੋਂ ਇਹ ਕਹੇ ਜਾਣ ਤੇ ਕਿ ਬਹੁਤੇ ਮੈਂਬਰ ਹਾਊਸ ਵਿੱਚ ਬਿਨਾਂ ਬੋਲੇ ਸੁੱਚੇ ਮੂੰਹ ਚਲੇ ਜਾਂਦੇ ਹਨ, ਤਾਂ ਮਾਣਯੋਗ ਸਪੀਕਰ ਵੱਲੋਂ ਸਦਨ ਵਿੱਚ ਨਿਮਨ ਅਨੁਸਾਰ ਸਪੱਸ਼ਟੀਕਰਨ ਦਿੱਤਾ ਗਿਆ:

"**ਮੈਂ ਇੱਕ ਕਲੈਰੀਫਿਕੇਸ਼ਨ ਹਾਊਸ ਨੂੰ ਦੇਣੀ ਚਾਹੁੰਦਾ ਹਾਂ । ਮਾਣਯੋਗ ਲੀਡਰ ਆਫ ਆਪੋਜ਼ੀਸ਼ਨ ਨੇ ਕਿਹਾ ਹੈ ਕਿ ਬਹੁਤੇ ਮੈਂਬਰ ਸੁੱਚੇ ਮੂੰਹ ਚਲੇ ਜਾਂਦੇ ਹਨ । ਪਿਛਲੀਆਂ ਟਰਮਜ਼ ਦਾ ਵਿਧਾਨ ਸਭਾ ਦਾ ਰਿਕਾਰਡ ਕਢਵਾ ਲਓ ਤੇ ਹੁਣ ਦਾ ਰਿਕਾਰਡ ਕਢਵਾ ਲਓ । ਆਪੋਜ਼ੀਸ਼ਨ ਨੂੰ ਸਭ ਤੋਂ ਵੱਧ ਟਾਈਮ ਹੁਣ ਦਿੱਤਾ ਜਾਂਦਾ ਹੈ । ਮੈਂ ਪੂਰੀ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਕੋਈ ਵੀ ਮੈਂਬਰ ਐਸਾ ਨਹੀ ਹੈ ਜਿਹੜਾ ਇੱਥੋਂ ਸੁੱਚੇ ਮੂੰਹ ਗਿਆ ਹੋਵੇ । ਹਰੇਕ ਮੈਂਬਰ ਨੂੰ ਮੌਕਾ ਦਿੱਤਾ ਜਾਂਦਾ ਹੈ । ਈਵਨ ਚੇਅਰ ਵੱਲੋਂ ਵੀ ਬੁਲਾਇਆ ਜਾਂਦਾ ਹੈ । ਹਾਂ ਜੇ ਕੋਈ ਜ਼ਿਆਦਾ ਹੀ** unruly**ਹੋ ਜਾਵੇ, ਫਿਰ ਉਸ ਨੂੰ ਥੋੜ੍ਹਾ ਬਹੁਤਾ ਕਨੂੰਨ ਵੀ ਸਿਖਾਇਆ ਜਾਦਾ ਹੈ । ਬਾਕੀ ਗੱਲ ਇਹ ਹੈ ਕਿ** "Provided further that the recommendations of BAC shall prevail in the matter of Business to be

transacted in the House." **ਇਸ ਅਨੁਸਾਰ ਜਿਹੜੀਆਂ ਸਿਟਿੰਗਜ਼ ਹਨ, ਉਹ ਬੀ.ਏ.ਸੀ. ਵਿੱਚ ਡਿਸਾਈਡ ਹੁੰਦੀਆਂ ਹਨ। ਜਿੰਨਾ ਤੁਹਾਡਾ ਬਿਜ਼ਨਸ ਆਉਂਦਾ ਹੈ, ਉਸ ਹਿਸਾਬ ਨਾਲ ਡਿਸਾਈਡ ਹੁੰਦਾ ਹੈ। ਲੇਕਿਨ ਚੇਅਰ ਵੱਲੋਂ ਕੋਸ਼ਿਸ਼ ਇਹ ਰਹੇਗੀ ਕਿ ਕੋਈ ਵੀ ਐਸਾ ਮੁੱਦਾ ਨਾ ਰਹੇ ਜਿਹੜਾ ਇੱਥੇ ਡਿਸਕਸ ਨਾ ਹੋਵੇ, ਤੁਸੀਂ ਮੈਨੂੰ ਬਾਅਦ ਵਿੱਚ ਵੀ ਮਿਲ ਕੇ ਦੱਸ ਸਕਦੇ ਹੋ ਕਿ ਕਿਹੜੇ ਮੁੱਦੇ ਰਹਿ ਗਏ ਹਨ, ਆਪਾਂ ਫਿਰ ਉਹ ਡਿਸਕਸ ਕਰਾਂਗੇ।** We have ample time. **ਸਮੇਂ ਦੀ ਕੋਈ ਬੰਦਿਸ਼ ਨਹੀਂ ਹੈ, ਆਪਾਂ ਸਾਰੇ ਮੁੱਦੇ ਇੱਥੇ ਡਿਸਕਸ ਕਰਾਂਗੇ।**"

**7. <u>ਮਾਣਯੋਗ ਸਪੀਕਰ ਦੁਆਰਾ ਰੂਲਿੰਗ</u>**

1. ਮਾਣਯੋਗ ਸਪੀਕਰ ਵੱਲੋਂ Prevention of Corruption ( Amendment ) Act 2017 Section 7 ਅਧੀਨ ਏ.ਐਸ.ਆਈ ਬੋਹੜ ਸਿੰਘ ਵਿਰੁੱਧ ਪੁਲਿਸ ਸਟੇਸ਼ਨ ਸਿਟੀ, ਕੋਟਕਪੂਰਾ ਵਿਖੇ ਦਰਜ ਐਫ.ਐਈ.ਆਰ ਨੰ. 180 ਦੇ ਹਵਾਲੇ ਨਾਲ ਸਦਨ ਦੇ ਧਿਆਨ ਵਿੱਚ ਲਿਆਂਦਾ ਕਿ ਸਾਰੀਆਂ ਬਿਮਾਰੀਆਂ ਦੀ ਜੜ੍ਹ ਕੁਰੱਪਸ਼ਨ ਹੈ। ਇਸ ਲਈ ਉਨ੍ਹਾਂ ਨੇ ਸਦਨ ਵਿੱਚ ਵੱਖ ਵੱਖ ਮੈਂਬਰਾਂ ਦੀ ਰਾਏ ਲੈਣ ਉਪਰੰਤ ਸਦਨ ਦੀ ਸਹਿਮਤੀ ਨਾਲ ਨਿਮਨ ਅਨੁਸਾਰ ਰੂਲਿੰਗ ਦਿੱਤੀ ਗਈ:

   "ਸਦਨ ਵੱਲੋਂ ਡੀ.ਜੀ.ਪੀ., ਪੰਜਾਬ ਨੂੰ ਇਹ ਹੁਕਮ ਕੀਤਾ ਜਾਵੇ ਕਿ ਐਫ.ਆਈ.ਆਰ ਨੰ 180 ਪੁਲਿਸ ਸਟੇਸ਼ਨ ਸਿਟੀ ਕੋਟਕਪੂਰਾ ਦੇ ਸੰਬੰਧ ਵਿੱਚ ਕੱਲ ਮਿਤੀ 03 ਸਤੰਬਰ,2024 ਤੱਕ ਪੂਰੀ ਰਿਪੋਰਟ ਸਦਨ ਵਿੱਚ ਲੈ ਕੇ ਆਉਣ ਔਰ ਉਸ ਵਿੱਚ ਧਾਰਾ 311 ਦੀ ਕਾਰਵਾਈ ਕਰ ਸਕਦੇ ਹਨ ਜਾਂ ਨਹੀਂ ਕਰ ਸਕਦੇ ਹਨ, ਉਸ ਸੰਬੰਧੀ ਵੀ ਕਾਰਵਾਈ ਲੈ ਕੇ ਆਉਣ। ਉਸ ਵਿੱਚ ਇੱਕ ਗੱਲ ਹੋਰ ਹੈ ਕਿ ਉਸ ਕਰਾਈਮ ਰਿਪੋਰਟ ਨੂੰ ਮੀਡੀਆ ਵਿੱਚ ਨਹੀਂ ਜਾਣ ਦਿੱਤਾ ਜਿਹੜੀ ਕਿ ਜਾਂਦੀ ਹੁੰਦੀ ਹੈ ਅਤੇ ਇਸ ਐਫ.ਆਈ.ਆਰ ਨੂੰ ਵੀ ਮੀਡੀਆ ਵਿੱਚ ਨਹੀਂ ਜਾਣ ਦਿੱਤਾ ਗਿਆ, ਉਸ ਦਿਨ ਕਿਹੜੇ ਪਾਲੇਟੀਸ਼ੀਅਨ ਨਾਲ ਉਸ ਅਫਸਰ ਦੀ, ਮਤਲਬ, ਜਿਸ ਦੇ ਵਿਰੁੱਧ ਐਫ.ਆਈ.ਆਰ ਦਰਜ ਹੋਈ ਹੈ, ਦੀ ਗੱਲ ਹੋਈ ਜਿਸ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਮੇਰਾ ਖਿਆਲ ਹੈ ਕਿ ਆਪਾਂ ਨੂੰ ਉਨ੍ਹਾਂ ਬਾਰੇ ਵੀ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਵਿੱਚ ਵੀ ਕਿਹੜੀਆਂ ਕਾਲੀਆਂ ਭੇਡਾਂ ਹਨ।"

2. ਮਾਣਯੋਗ ਸਪੀਕਰ ਨੇ ਇਹ ਵੀ ਰੂਲਿੰਗ ਦਿੱਤੀ ਕਿ ਜਿਹੜੇ ਵੀ ਮਾਮਲੇ ਮਾਣਯੋਗ ਹਾਈਕੋਰਟ ਦੇ ਵਿਚਾਰ ਅਧੀਨ ਹੁੰਦੇ ਹਨ, ਸਾਡੇ ਕਾਨੂੰਨ ਕਹਿੰਦੇ ਹਨ ਕਿ ਉਹ ਵਿਧਾਨ ਸਭਾ ਵਿੱਚ ਡਿਸਕਸ ਨਹੀਂ ਹੋਣਗੇ।

**8. <u>ਧਿਆਨ ਦਿਵਾਊ ਨੋਟਿਸ</u>**

1. ਸਰਦਾਰ ਅਮੋਲਕ ਸਿੰਘ, ਐਮ.ਐੱਲ.ਏ ਵੱਲੋਂ ਸਰਕਾਰ ਦਾ ਧਿਆਨ ਜੈਤੋ ਵਿਧਾਨ ਸਭਾ ਹਲਕੇ ਵਿੱਚ ਖਾਸ ਤੌਰ ਤੇ ਪਿੰਡ ਬਾਜਾਖਾਨਾ ਵਿੱਚ ਟੋਲ ਟੈਕਸ ਵਸੂਲ ਕਰਨ ਦੇ ਬਾਵਜੂਦ ਟੋਲ ਹਾਈਵੇਜ਼ ਦੀ ਸਾਂਭ-ਸੰਭਾਲ ਨਾ ਕਰਨ ਵੱਲ ਦਿਵਾਇਆ ਗਿਆ। (ਨੰ:6)

   ਲੋਕ ਨਿਰਮਾਣ (ਭਵਨ ਅਤੇ ਮਾਰਗ) ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

**2.** ਸਰਦਾਰ ਹਰਦੇਵ ਸਿੰਘ ਲਾਡੀ, ਐਮ.ਐੱਲ.ਏ ਵੱਲੋਂ ਸਰਕਾਰ ਦਾ ਧਿਆਨ ਸ਼ਾਹਕੋਟ ਹਲਕੇ ਦੇ ਪਿੰਡ ਨਵਾਂ ਪਿੰਡ ਖਾਲੇਵਾਲ ਵਿਖੇ ਲੋਹੀਆਂ-ਕੱਕੜਾਂ ਸੜਕ ਉਤੇ ਪੁੱਲ ਦੇ ਅਧੂਰੇ ਪਏ ਕੰਮ ਕਾਰਨ ਵਾਪਰ ਰਹੀਆਂ ਦੁਰਘਟਨਾਵਾਂ ਵੱਲ ਦਿਵਾਇਆ ਗਿਆ। (ਨੰ:8)

ਲੋਕ ਨਿਰਮਾਣ (ਭਵਨ ਅਤੇ ਮਾਰਗ) ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

**3.** ਪ੍ਰਿੰਸੀਪਲ ਬੁੱਧ ਰਾਮ, ਐਮ.ਐੱਲ.ਏ ਵੱਲੋਂ ਸਰਕਾਰ ਦਾ ਧਿਆਨ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਅਧੀਨ ਆਉਂਦੇ ਅਨਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਵੱਲ ਦਿਵਾਇਆ ਗਿਆ। (ਨੰ: 28)

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

**9. <u>ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ</u>**

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: 5 ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 4 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

**10. <u>ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ</u>**

ਵਿਛੜੀਆਂ ਰੂਹਾਂ ਦੇ ਸਤਿਕਾਰ ਵਿੱਚ ਮਾਣਯੋਗ ਸਪੀਕਰ ਵੱਲੋਂ ਸਦਨ ਦੀ ਬੈਠਕ 2.10 ਵਜੇ ਬਾਅਦ ਦੁਪਹਿਰ ਤੋਂ 02.30 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤੀ ਗਈ।

ਇਸ ਉਪਰੰਤ, ਸਦਨ ਮੰਗਲਵਾਰ ਮਿਤੀ 03ਸਤੰਬਰ, 2024 ਨੂੰ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

ਚੰਡੀਗੜ੍ਹ<br>02 ਸਤੰਬਰ, 2024

ਰਾਮ ਲੋਕ ਖਟਾਣਾ,<br>ਸਕੱਤਰ